Your Vote is Your Voice
ਤੁਹਾਡੀ ਵੋਟ ਤੁਹਾਡੀ ਆਵਾਜ਼

# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ, ਜਲੰਧਰ (ਪੰਜਾਬ)

**Office of the Deputy Commissioner cum District Election Officer, Jalandhar (Punjab)**
**Phone Number 0181-2244060, Email**eljal@punjab.gov.in (Voter Helpline 1950)

ਸੇਵਾ ਵਿਖੇ

1) ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਜਲੰਧਰ।
2) ਜਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) ਜਲੰਧਰ।
3) ਸਮੂਹ ਵਿਭਾਗਾਂ ਦੇ ਮੁਖੀ ਜਿਲ੍ਹਾ ਜਲੰਧਰ (ਦਫਤਰ ਜਿੱਥੇ ਪੋਲਿੰਗ ਸਟੇਸ਼ਨ ਸਥਾਪਿਤ ਕੀਤਾ ਗਿਆ ਹੈ)।

ਨੰ.ਚੋਣ-2023/ 307-309 ਮਿਤੀ 10/02/2023

ਵਿਸ਼ਾ:- **Special Camp Day w.r.t. Collection of Aadhar data from the electors on voluntary basis for linking and authentication of electoral rolls data-regarding.**

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮੌਜੂਦਾ ਵੋਟਰ ਸੂਚੀਆਂ ਵਿੱਚ ਦਰਜ ਵੋਟਰਾਂ ਪਾਸੋਂ ਆਧਾਰ ਕਾਰਡ ਦੀ ਜਾਣਕਾਰੀ ਇਕੱਤਰ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਮਿਤੀ 01-08-2022 ਤੋਂ ਚੱਲ ਰਹੀ ਹੈ। ਇਸ ਮੁਹਿੰਮ ਤਹਿਤ ਹੁਣ ਤੱਕ ਜਿਲ੍ਹੇ ਵਿੱਚ 80.29% ਵੋਟਰਾਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਨੂੰ ਜੋੜਨ/ਲਿੰਕ ਕਰਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਬਾਕੀ ਰਹਿੰਦੇ ਵੋਟਰਾਂ ਪਾਸੋਂ ਆਧਾਰ ਕਾਰਡ ਦੀ ਜਾਣਕਾਰੀ ਇਕੱਤਰ ਕਰਨ ਲਈ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਚੰਡੀਗੜ੍ਹ ਜੀ ਵਲੋਂ ਮਿਤੀ 12-02-2023 (ਦਿਨ ਐਤਵਾਰ) ਨੂੰ ਬਾਕੀ ਰਹਿੰਦੇ ਵੋਟਰਾਂ ਪਾਸੋਂ ਆਧਾਰ ਕਾਰਡਾਂ ਦੀ ਜਾਣਕਾਰੀ ਫਾਰਮ 6ਬੀ ਰਾਹੀਂ ਇਕੱਤਰ ਕਰਨ ਲਈ ਸਪੈਸ਼ਲ ਕੈਂਪ ਲਗਾਇਆ ਜਾਵੇਗਾ।

ਉਕਤ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ **ਮਿਤੀ 12-02-2023 (ਦਿਨ ਐਤਵਾਰ)** ਨੂੰ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਨੂੰ ਕਾਰਗਰ ਬਣਾਉਣ ਲਈ ਆਪ ਜੀ ਦੇ ਅਧੀਨ ਆਉਂਦੇ ਸੀਨੀਅਰ ਸੈਕੰਡਰੀ ਸਕੂਲਾਂ/ਪ੍ਰਾਇਮਰੀ ਸਕੂਲਾਂ ਅਤੇ ਦਫਤਰਾਂ, ਜਿਹਨਾਂ ਵਿੱਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਉਹਨਾਂ ਸਕੂਲਾਂ/ਦਫਤਰਾਂ ਦੇ ਮੁਖੀਆਂ ਨੂੰ ਪੱਤਰ ਵਿੱਚ ਨਿਰਧਾਰਿਤ ਮਿਤੀਆਂ ਨੂੰ ਸਪੈਸ਼ਲ ਕੈਂਪ ਵਾਲੇ ਦਿਨ ਸਕੂਲ/ਦਫਤਰ ਖੁੱਲਾ ਰੱਖਣ, ਸਾਫ-ਸਫਾਈ, ਸੇਵਾਦਾਰ/ਚੌਂਕੀਦਾਰ ਦੀ ਡਿਊਟੀ ਅਤੇ ਲੋੜੀਂਦਾ ਫਰਨੀਚਰ ਮੁਹੱਈਆ ਕਰਵਾਉਣ ਆਦਿ ਦੇ ਲੋੜੀਂਦੇ ਪ੍ਰਬੰਧ ਕਰਨ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਤਾਂ ਜੋ ਕੈਂਪ ਵਾਲੇ ਦਿਨ ਬੀ.ਐਲ.ਓਜ਼ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਚੋਣ ਤਹਿਸੀਲਦਾਰ,
ਵਾ: ਜਿਲ੍ਹਾ ਚੋਣ ਅਫਸਰ,
ਜਲੰਧਰ।

ਪਿੱਠ ਅੰਕਣ ਨੰ.ਚੋਣ-2023/ 310-312 ਮਿਤੀ: 10/02/2023

ਉਪਰੋਕਤ ਦਾ ਉਤਾਰਾ:

1) ਜਿਲ੍ਹੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 12-02-2023 **(ਦਿਨ ਐਤਵਾਰ) ਨੂੰ ਪੋਲਿੰਗ ਬੂਥਾਂ ਤੇ ਬੀ.ਐਲ.ਓਜ਼ ਦੁਆਰਾ ਲਗਾਏ ਜਾਣ ਵਾਲੇ ਸਪੈਸ਼ਲ ਕੈਂਪ** ਨੂੰ ਕਾਰਗਰ ਬਣਾਉਣ ਲਈ ਅਗੇਤੇ ਲੋੜੀਂਦੇ ਪ੍ਰਬੰਧ ਕਰਨ ਲਈ ਸਮੂਹ ਸੁਪਰਵਾਈਜਰ/ਬੀ.ਐਲ.ਓਜ਼ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ। ਇਸ ਤੋਂ ਇਲਾਵਾ ਪੋਲਿੰਗ ਬੂਥਾਂ ਤੇ ਲਗਾਏ ਜਾਣ ਵਾਲੇ ਵਿਸ਼ੇਸ਼ ਕੈਂਪ ਵਾਲੇ ਦਿਨ ਪੋਲਿੰਗ ਬੂਥਾਂ ਤੇ ਬੀ. ਐਲ. ਓਜ਼ ਦੀ ਮੌਜੂਦਗੀ ਸਬੰਧੀ ਪੋਲਿੰਗ ਸਟੇਸ਼ਨਾਂ ਦੀ ਈ.ਆਰ.ਓ./ਏ.ਈ.ਆਰ.ਓ. ਵਲੋਂ ਰੈਂਡਮ ਚੈਕਿੰਗ ਕੀਤੀ ਜਾਵੇ ਅਤੇ ਮੌਕੇ ਤੇ ਮੌਜੂਦ ਵੋਟਰਾਂ ਪਾਸੋਂ ਸਪੈਸ਼ਲ ਕੈਂਪ ਸਬੰਧੀ ਫੀਡਬੈਕ ਜਰੂਰ ਲਈ ਜਾਵੇ। ਇਸ ਤੋਂ ਇਲਾਵਾ ਸਪੈਸ਼ਲ ਕੈਂਪ ਵਾਲੇ ਦਿਨ ਈ.ਆਰ.ਓ./ਏ.ਈ.ਆਰ.ਓ. ਵਲੋਂ ਕੀਤੀ ਗਈ ਚੈਕਿੰਗ ਸਬੰਧੀ ਰਿਪੋਰਟ ਇਸ ਦਫਤਰ ਨੂੰ ਰਿਕਾਰਡ ਹਿੱਤ ਭੇਜੀ ਜਾਵੇ।
3) ਜਿਲ੍ਹੇ ਦੀਆ ਸਮੂਹ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ/ਸਕੱਤਰਾਂ ਨੂੰ ਸੂਚਨਾ ਹਿੱਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਵੋਟਰ ਸੂਚੀਆਂ ਦੇ ਡਾਟੇ ਨਾਲ ਆਧਾਰ ਕਾਰਡ ਨੂੰ ਲਿੰਕ ਕਰਨ ਦੇ ਮੰਤਵ ਲਈ ਸੁਪਰਵਾਈਜਰ ਅਤੇ ਬੀ.ਐਲ.ਓਜ਼ ਵਲੋਂ ਆਧਾਰ ਡਾਟਾ ਇਕੱਤਰ ਕਰਨ ਲਈ **ਮਿਤੀ 12-02-2023 (ਦਿਨ ਐਤਵਾਰ)** ਨੂੰ ਜਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ ਤੇ ਲਗਾਏ ਜਾਣ ਵਾਲੇ ਸਪੈਸ਼ਲ ਕੈਂਪ ਸਬੰਧੀ ਵੋਟਰਾਂ ਨੂੰ ਜਾਗਰੂਕ ਕਰਨ ਲਈ ਇਸ ਮੁਹਿੰਮ ਦਾ ਆਪਣੇ ਪਾਰਟੀ ਵਰਕਰਾਂ ਰਾਹੀਂ ਪਿੰਡ, ਸ਼ਹਿਰ, ਗਲੀ ਮੁਹੱਲੇ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਵਾਇਆ ਜਾਵੇ ਤਾਂ ਵੋਟਰ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਸਕਣ।
4) ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ ਨੂੰ ਭੇਜ ਲਿਖਿਆ ਜਾਂਦਾ ਹੈ ਕਿ ਵੋਟਰ ਸੂਚੀਆਂ ਦੇ ਡਾਟੇ ਨਾਲ ਆਧਾਰ ਕਾਰਡ ਨੂੰ ਲਿੰਕ ਕਰਨ ਦੇ ਮੰਤਵ ਲਈ ਸੁਪਰਵਾਈਜਰ ਅਤੇ ਬੀ.ਐਲ.ਓਜ਼ ਵਲੋਂ ਆਧਾਰ ਡਾਟਾ ਇਕੱਤਰ ਕਰਨ ਲਈ **ਮਿਤੀ 12-02-2023 (ਦਿਨ ਐਤਵਾਰ)** ਨੂੰ ਜਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ ਤੇ ਲਗਾਏ ਜਾਣ ਵਾਲੇ ਵਿਸ਼ੇਸ਼ ਸਪੈਸ਼ਲ ਕੈਂਪ ਬਾਰੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਜਿਲ੍ਹੇ ਦੀਆਂ ਉੱਘੀਆਂ ਅਖ਼ਬਾਰਾਂ ਵਿੱਚ ਲਗਾਤਾਰ ਪ੍ਰੈਸ ਨੋਟ ਜਾਰੀ ਕੀਤੇ ਜਾਣ ਅਤੇ ਇਸ ਮੁਹਿੰਮ ਦਾ ਪ੍ਰਚਾਰ ਗੱਡੀ ਰਾਹੀਂ ਵੱਧ ਤੋਂ ਵੱਧ ਪ੍ਰਚਾਰ ਕਰਵਾਇਆ ਜਾਵੇ।

ਚੋਣ ਤਹਿਸੀਲਦਾਰ
ਵਾ: ਜਿਲ੍ਹਾ ਚੋਣ ਅਫਸਰ
ਜਲੰਧਰ।

ਕਾਪੀ: 1) ਪੀ.ਏ. ਟੂ ਡੀ.ਸੀ.
2) [illegible] ਏ ਪੀ ਸੀ (ਜੀ)

ਵੋਟਰ ਬਣੋ- ਜ਼ੁੰਮੇਵਾਰ ਬਣੋ
Be Voter- Be Responsible

ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ, ਅਸੰਬਲੀ ਸੈਗਮੈਂਟ 037-ਜਲੰਧਰ ਕੈਂਟ ਕਮ-ਰਿਜ਼ਨਲ ਟਰਾਂਸਪੋਰਟ ਅਥਾਰਟੀ, ਜਲੰਧਰ, E-mail ID :- cro.37jalcantt2017@gmail.com

ਹਰ ਬਣੇ ਨਹੀਂ ਕਰਾਂਗੇ, ਵੋਟ ਕਰਾਂਗੇ
VOTES
ਕਿਉਂਕਿ ਹਰ ਵੋਟ ਮਹੱਤਵਪੂਰਨ ਹੈ...

ਪਿਠ ਅੰਕਣ ਨੰ ਚੋਣਾਂ-2023/175-177 | ਮਿਤੀ ਜਲੰਧਰ:-10.02.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ :-

1. ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ ਜਲੰਧਰ।
2. Maninder Singh, GM, Punjab Roadways Jalandhar-1(AERO-1) ਉਕੱਤ ਅਨੁਸਾਰ ਕਾਰਵਾਈ ਹਿੱਤ
3. Rajesh Kumar, Block Development and Panchyat Officer, Jalandhar East (AERO-2), ਉਕੱਤ ਅਨੁਸਾਰ ਕਾਰਵਾਈ ਹਿੱਤ
4. All Supervious and Booth Level Officers AC-37 Jalandhar Cantt ਉਕੱਤ ਅਨੁਸਾਰ ਮਿਤੀ 12.02.2023 ਨੂੰ ਸਪੈਸ਼ਲ ਕੈਂਪ ਅਨੁਸਾਰ ਕਾਰਵਾਈ ਹਿੱਤ ਅਤੇ ਰਿਪੋਰਟ ਭੇਜਣ ਲਈ।
5. ਜਿਲਾ ਸਿਖਿਆ ਅਫਸਰ (ਸੈ ਸਿ)/(ਐ ਸਿ) ਜਲੰਧਰ ਅਤੇ ਹੋਰ ਵਿਭਾਗੀ ਮੁੱਖੀ ਉਕੱਤ ਕੰਮ ਲਈ ਅਸੈਂਬਲੀ ਹਲਕਾ 037-ਜਲੰਧਰ ਕੈਂਟ ਵਿਚ ਤੈਨਾਤ ਸਾਰੇ ਸੁਪਰਵਾਇਜਰ / ਬੂਥ ਲੈਵਲ ਅਫਸਰਾਂ ਨੂੰ ਉਕੱਤ ਪ੍ਰੋਗਰਾਮ ਲਾਗੂ ਕਰਨ ਲਈ।

ਚੋਣਕਾਰ ਰਜਿਸਟਰੇਸ਼ਨ ਅਫਸਰ 10/2/23
ਅਸੈਂਬਲੀ ਹਲਕਾ 037-ਜਲੰਧਰ ਕੈਂਟ
-ਕਮ- ਸੈਕਟਰੀ ਰਿਜ਼ਨਲ ਟਰਾਂਸਪੋਰਟ
ਅਥਾਰਟੀ ਜਲੰਧਰ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਜੀ-5 (4081)
ਮਿ.ਤੀ ਜਲੰਧਰ 10/2/23

ਪਿ.ਅੰ. ਨੰ. ਚੋਣ 2023 307-309 ਮਿਤੀ-10/2/23
ਉਪਰੋਕਤ ਦੀ ਕਾਪੀ ਸਮੂਹ ਸਕੂਲ ਮੁਖੀਆ ਜ਼ਿਲ੍ਹਾ ਜਲੰਧਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਜਾਰੀ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸ.ਸ.)
ਜਲੰਧਰ
10/2/23